An ISO 9001, 14001 & OHSAS 18001 company

Manufacturer of Quality
Writing, Printing & Speciality
Paper with ECO MARK
IS : 1848

# SATIA INDUSTRIES LIMITED

CIN: - L21012PB1980PLC004329

SIL/CS

Date: 14-02-2019

BSE Lid
BSE Limited, Floor 25,
P.J.Tower, Dalal Street,
Mumbai- 400001 (India)

Subject: Submission of newspaper cutting of Financial Results for the Quarter and Nine months ended on December 31, 2018

Dear Sir,

Pursuant to provisions of SEBI (Listing Obligation and Disclosure Requirements) Regulation,2015. We are enclosing herewith copies of Newspaper cutting of Unaudited Financial Result for Quarter and nine months ended 31.12.2018 Published in FINANCIAL EXPRESS and ROZANA SPOKESMAN" ( Punjabi) on February 14, 2019

This is for your information and record please.

Thanking You,

Yours Faithfully,
For Satia Industries Ltd

(Rakesh Kumar Dhuria)
Company Secretary

14Page8final.qxd 13-Feb-19 10:32 PM Page 1



# ਤੇਲ ਟੈਂਕਰ ਤੇ ਕਾਰ ਦੀ ਟੱਕਰ 'ਚ ਤਿਨ ਨੌਜਵਾਨਾਂ ਦੀ ਮੌਤ

**ਸ੍ਰੀ ਮੁਕਤਸਰ ਸਾਹਿਬ, 13 ਫ਼ਰਵਰੀ (ਰਣਜੀਤ ਸਿਘ/ਗੁਰਦੇਵ ਸਿਘ):** ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਕੋਟਭਾਈ (ਤਹਿ. ਗਿੱਦੜਬਾਹਾ) ਵਿਚ ਪੈਂਦੇ ਪਿੰਡ ਭਲਾਈਆਣਾ-ਬੁੱਟਰ ਸ਼ਰੀਹ ਦੇ ਦਰਮਿਆਨ ਮੁੱਖ ਸੜਕ 'ਤੇ ਅੱਜ ਦਰਦਨਾਕ ਹਾਦਸਾ ਵਾਪਰਿਆ ਜਿਸ ਵਿਚ ਤਿੰਨ ਨੌਜਵਾਨ ਵਿਦਿਆਰਥੀਆਂ ਦੀ ਦਰਦਨਾਕ ਮੌਤ ਹੋਣ ਦੀ ਖ਼ਬਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਤੋਂ ਬਠਿੰਡਾ ਨੂੰ ਜਾ ਰਹੀ ਕਰੂਜ਼ਰ ਕਾਰ ਅਪਣਾ ਸੰਤੁਲਨ ਗਵਾ ਕੇ ਬਠਿੰਡਾ ਤੋਂ ਸ੍ਰੀ ਮੁਕਤਸਰ ਸਾਹਿਬ ਨੂੰ ਆ ਰਹੇ ਤੇਲ ਵਾਲੇ ਟੈਂਕਰ ਨਾਲ ਟਕਰਾਅ ਗਈ। ਹਾਦਸਾ ਇਨਾ ਜ਼ਬਰਦਸਤ ਸੀ ਕਿ ਟੈਂਕਰ ਉਪਰੰਤ ਕਾਰ ਉਸ ਦੇ ਹੇਠਾਂ ਵੜ ਗਈ ਜਿਸ



ਰੱਖਦਿਆਂ ਮੌਕੇ 'ਤੇ ਜੇਸੀਬੀ ਮਸ਼ੀਨ ਨੂੰ ਮੰਗਾਉਣਾ ਪਿਆ। ਉਪਰੰਤ ਜੇਸੀਬੀ ਦੀ ਸਹਾਇਤਾ ਨਾਲ ਲਾਸ਼ਾਂ ਨੂੰ ਕਾਰ

ਦੀ ਮੌਤ ਮੌਕੇ 'ਤੇ ਹੀ ਹੋ ਗਈ ਜਦਕਿ ਤੀਸਰੇ ਵਿਅਕਤੀ ਜਿਸ ਦੀ ਪਹਿਚਾਣ ਮਨਪ੍ਰੀਤ ਸਿਘ ਵਜੋਂ ਹੋਈ ਹੈ, ਉਹ ਬਠਿੰਡਾ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿਚ ਹੀ ਦਮ ਤੋੜ ਗਿਆ। ਦਸਿਆ ਜਾ ਰਿਹਾ ਹੈ ਕਿ ਇਹ ਤਿੰਨੋਂ ਦੋਸਤ ਇਕੱਠੇ ਪੜ੍ਹਦੇ ਸਨ। ਮਨਪ੍ਰੀਤ ਸਿਘ ਪ੍ਰਵਾਰ ਦਾ ਇਕਲੌਤਾ ਪੁੱਤਰ ਸੀ। ਪੁਲਿਸ ਮੌਕੇ 'ਤੇ ਪਹੁੰਚ ਕੇ ਪੜਤਾਲ ਕਰ ਰਹੀ ਹੈ। ਇਸ ਸਬੰਧੀ ਥਾਣਾ ਕੋਟਭਾਈ ਦੇ ਮੁੱਖ ਅਫ਼ਸਰ ਸ. ਦਲਜੀਤ ਸਿਘ ਨੇ ਦਸਿਆ ਕਿ ਉਕਤ ਨੌਜਵਾਨ ਲੜਕੇ ਲਗਭਗ 19 - 20 ਸਾਲਾਂ ਦੀ ਉਮਰ ਦੇ ਹਨ, ਇਨ੍ਹਾਂ ਦੇ ਮ੍ਰਿਤਕ ਸਰੀਰ ਕਲ ਨੂੰ ਪੋਸਟਮਾਰਟਮ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿਤੇ ਜਾਣਗੇ। ਹਾਦਸੇ ਤੋਂ ਬਾਅਦ ਤੇਲ ਟੈਂਕਰ ਦਾ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ ਹੈ।

## ਜਸਟਿਸ ਰਣਜੀਤ ਸਿੰਘ ਵਲੋਂ ਸੁਖਬੀਰ ਤੇ ਮਜੀਠੀਆ ਦੀ 'ਬੋਲਬਾਣੀ' ਵਿਰੁਧ ਪਟੀਸ਼ਨ ਦਾ ਮਾਮਲਾ

**ਚੰਡੀਗੜ੍ਹ, 13 ਫ਼ਰਵਰੀ (ਨੀਲ ਭਲਿੰਦਰ ਸਿਘ):** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੇਵਾ ਮੁਕਤ ਜਸਟਿਸ ਰਣਜੀਤ ਸਿਘ ਵਲੋਂ ਉਨ੍ਹਾਂ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਵਿਰੁਧ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿਘ ਬਾਦਲ ਅਤੇ ਅਕਾਲੀ ਵਿਧਾਇਕ ਬਿਕਰਮ ਸਿਘ ਮਜੀਠੀਆ ਵਲੋਂ ਕਥਿਤ ਕੁਬੋਲ ਬੋਲੇ ਗਏ ਹੋਣ ਦੀ ਦਾਇਰ ਪਟੀਸ਼ਨ 'ਤੇ ਅੱਜ ਫਿਰ ਸੁਣਵਾਈ ਕੀਤੀ। ਜਸਟਿਸ ਅਮਿਤ ਰਾਵਲ ਵਾਲੇ ਬੈਂਚ ਨੇ ਇਸ ਮਾਮਲੇ ਵਿਚ ਕਾਰਵਾਈ ਅੱਗੇ ਤੋਰਨ ਤੋਂ ਪਹਿਲਾਂ ਹੁਣ ਉਕਤ ਕਮਿਸ਼ਨ ਦੇ ਗਠਨ ਬਾਰੇ ਪੰਜਾਬ ਸਰਕਾਰ ਦੀ ਨੋਟੀਫ਼ੀਕੇਸ਼ਨ ਵੇਖਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਕਤ

# ਸਹੁਰੇ ਪਰਵਾਰ ਨੇ ਨੂੰਹ ਨੂੰ ਮਾਰ ਕੇ ਤੂੜੀ ਵਾਲੇ ਕੋਠੇ 'ਚ ਦਬਿਆ

**ਲਹਿਰਾਗਾਗਾ, 13 ਫ਼ਰਵਰੀ (ਖੁਸ਼ਵਿੰਦਰ ਸ਼ਰਮਾ) :** ਨੇੜਲੇ ਪਿੰਡ ਨੰਗਲਾ ਵਿਖੇ ਇਕ ਔਰਤ ਨੂੰ ਉਸਦੇ ਸਹੁਰਿਆਂ ਨੇ ਮਾਰ ਕੇ ਤੂੜੀ ਵਾਲੇ ਕੋਠੇ ਵਿਚ ਦੱਬ ਦਿਤਾ ਸੀ, ਜਿਸ ਦੀ ਗਲੀ ਸੜੀ ਲਾਸ਼ ਅੱਜ ਪੁਲਿਸ ਨੇ ਬਰਾਮਦ ਕਰ ਲਈ ਹੈ। ਥਾਣਾ ਲਹਿਰਾ ਸਦਰ ਮੁਖੀ ਇੰਸਪੈਕਟਰ ਡਾ. ਜਗਬੀਰ ਸਿਘ ਤੋਂ ਮਿਲੀ ਜਾਣਕਾਰੀ ਅਨੁਸਾਰ ਪਿੰਡ ਬੁਟਾਲ ਕਲਾਂ ਥਾਣਾ ਲਹਿਰਾ ਦੀ ਲੜਕੀ ਸੁਖਦੀਪ ਕੌਰ ਪੁੱਤਰੀ ਦਰਸ਼ਨ ਸਿਘ ਜੋ ਪਿੰਡ ਨੰਗਲਾ ਦੇ ਲਵਪ੍ਰੀਤ ਸਿਘ ਪੁੱਤਰ ਕਰਮਜੀਤ ਸਿਘ ਨਾਲ ਤਿੰਨ ਸਾਲ ਪਹਿਲਾਂ ਵਿਆਹੀ ਸੀ।



ਦੀ ਹਾਜ਼ਰੀ ਵਿੱਚ ਤੂੜੀ ਵਾਲੇ ਕੋਠੇ ਵਿੱਚੋਂ ਬਰਾਮਦ ਕਰ ਲਈ ਹੈ। ਥਾਣਾ ਲਹਿਰਾ ਵਿਖੇ ਲੜਕੀ ਦੇ ਭਰਾ ਗੁਰਸੇਵਕ ਸਿਘ ਪੁੱਤਰ ਦਰਸ਼ਨ ਸਿਘ ਵਾਸੀ ਬੁਟਾਲ ਕਲਾਂ ਦੇ ਬਿਆਨਾਂ ਮੁਤਾਬਿਕ ਮ੍ਰਿਤਕਾ ਦੇ ਪਤੀ ਲਵਪ੍ਰੀਤ ਸਿਘ ਉਰਫ਼ ਲਵਲੀ, ਦਿਉਰ ਸੁਮਨਦੀਪ ਸਿਘ ਸੋਨੀ, ਸਹੁਰਾ ਕਰਮਜੀਤ ਸਿਘ ਅਤੇ ਸੱਸ ਸਤਵੀਰ ਕੌਰ ਵਿਰੁਧ ਧਾਰਾ 302, 120 ਬੀ ਤਹਿਤ ਕੇਸ ਦਰਜ ਕਰਕੇ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਮੁਲਜ਼ਮ ਪਰਿਵਾਰ